# ਦਰਜ਼ੀ ਅਤੇ ਹਾਥੀ (ਕਹਾਣੀ)



ਇੱਕ ਵਾਰ ਦੀ ਗੱਲ ਹੈ ਇੱਕ ਰਾਜੇ ਕੋਲ਼ ਇੱਕ ਹਾਥੀ ਸੀ। ਮਹਾਵਤ ਹਾਥੀ ਨੂੰ ਹਰ ਰੋਜ਼ ਨਦੀ ਵਿੱਚ ਨਹਾਉਣ ਲਈ ਲੈ ਕੇ ਜਾਂਦਾ ਸੀ। ਉਸ ਦੇ ਰਸਤੇ ਵਿੱਚ ਇੱਕ ਦਰਜ਼ੀ ਦੀ ਦੁਕਾਨ ਆਉਂਦੀ ਸੀ। ਹਾਥੀ ਜਦੋਂ ਦਰਜ਼ੀ ਦੀ ਦੁਕਾਨ ’ਤੇ ਪਹੁੰਚਦਾ ਤਾਂ ਦਰਜ਼ੀ ਰੋਜ਼ ਉਸ ਨੂੰ ਕੁਝ ਨਾ ਕੁਝ ਖਾਣ ਨੂੰ ਦਿੰਦਾ। ਇਸ ਤਰ੍ਹਾਂ ਹਾਥੀ ਅਤੇ ਦਰਜ਼ੀ ਆਪਸ ਵਿੱਚ ਮਿੱਤਰ ਬਣ ਗਏ। ਇੱਕ ਦਿਨ ਦਰਜ਼ੀ ਕਿਸੇ ਗੱਲੋਂ ਖਿਝਿਆ ਹੋਇਆ ਸੀ। ਜਦੋਂ ਹਾਥੀ ਨੇ ਰੋਜ਼ ਵਾਂਗ ਆਪਣੀ ਸੁੰਡ ਉਸ ਅੱਗੇ ਕੀਤੀ। ਦਰਜ਼ੀ ਨੇ ਉਸ ਦੀ ਸੁੰਡ ’ਤੇ ਸੂਈ ਚੋਭ ਦਿੱਤੀ। ਹਾਥੀ ਨੂੰ ਬਹੁਤ ਗੁੱਸਾ ਆਇਆ। ਪਰ ਉਹ ਚਾਪ-ਚਾਪ ਚਲਾ ਗਿਆ। ਨਦੀ ’ਤੇ ਪੁੱਜ ਕੇ ਉਸ ਨੇ ਰੱਜ ਕੇ ਪਾਣੀ ਪੀਤਾ। ਵਾਪਸ ਆਉਂਦਿਆਂ ਆਪਣੀ ਸੁੰਡ ਵਿੱਚ ਚਿੱਕੜ ਭਰ ਲਿਆ। ਵਾਪਸੀ ’ਤੇ ਉਸ ਨੇ ਸਾਰਾ ਚਿੱਕੜ ਦਰਜ਼ੀ ਦੀ ਦੁਕਾਨ ਵਿੱਚ ਸੁੱਟ ਦਿੱਤਾ। ਦਰਜ਼ੀ ਦੇ ਸਾਰੇ ਕੱਪੜੇ ਖ਼ਰਾਬ ਹੋ ਗਏ। ਦਰਜ਼ੀ ਆਪਣੀ ਗ਼ਲਤੀ ’ਤੇ ਪਛਤਾ ਰਿਹਾ ਸੀ।

**ਸਿੱਖਿਆ –** ਜਿਹਾ ਕਰੋਗੇ ਤਿਹਾ ਭਰੋਗੇ।